# ਭਾਰਤ-ਸਵੀਡਨ ਦੇ ਵਿੱਚਕਾਰ ਵਿਦੇਸ਼ ਦਫ਼ਤਰ ਦੇ ਸਲਾਹ-ਮਸ਼ਵਰੇ (FOC)

ਮਈ 04, 2024

ਭਾਰਤ ਅਤੇ ਸਵੀਡਨ ਨੇ 03 ਮਈ, 2024 ਨੂੰ ਸਟਾਕਹੋਮ ਵਿੱਚ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (FOC) ਦਾ 7ਵਾਂ ਸਤਰ ਆਯੋਜਿਤ ਕੀਤਾ। ਭਾਰਤੀ ਪੱਖ ਦੀ ਅਗਵਾਈ ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਪੱਛਮ) ਸ਼੍ਰੀ ਪਵਨ ਕਪੂਰ ਨੇ ਕੀਤੀ ਅਤੇ ਸਵੀਡਨ ਦੇ ਪੱਖ ਦੀ ਅਗਵਾਈ ਮਹਾਮਹਿਮ ਸ਼੍ਰੀ ਜਾਨ ਨੁਟਸਨ, ਵਿਦੇਸ਼ ਸਕੱਤਰ, ਵਿਦੇਸ਼ ਮੰਤਰਾਲਾ, ਸਵੀਡਨ ਦੁਆਰਾ ਕੀਤੀ ਗਈ।

2. ਦੋਵੇਂ ਪੱਖਾਂ ਨੇ ਦੁਵੱਲੇ ਸਹਿਯੋਗ ਦੇ ਸਾਰੇ ਖੇਤਰਾਂ ਵਿੱਚ ਹੋਈ ਪ੍ਰਗਤੀ ਦਾ ਸੁਆਗਤ ਕੀਤਾ ਅਤੇ ਇਨੋਵੇਸ਼ਨ ਅਤੇ ਸਥਿਰਤਾ, ਵਪਾਰ ਅਤੇ ਨਿਵੇਸ਼ ਦੇ ਤਰਜੀਹੀ ਖੇਤਰਾਂ ਵਿੱਚ ਅੱਗੇ ਵਧਣ ਦੀ ਰਾਹ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸੈਮੀਕੰਡਕਟਰਾਂ, ਗ੍ਰੀਨ ਸਟੀਲ ਅਤੇ ਗ੍ਰੀਨ ਬੈਟਰੀਆਂ ਵਰਗੀਆਂ ਨਵੀਆਂ ਉੱਭਰ ਰਹੀਆਂ ਟੈਕਨੋਲੋਜੀਆਂ' ਤੇ ਧਿਆਨ ਕੇਂਦਰਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਵਿੱਚ ਭਾਰਤ ਸਵੀਡਨ ਉਦਯੋਗ ਪਰਿਵਰਤਨ ਸਾਂਝੇਦਾਰੀ ਦੇ ਤਹਿਤ ਲੀਡ-ਆਇਟੀ ਦੇ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ। ਦੋਵੇਂ ਪੱਖਾਂ ਨੇ ਸਾਈਬਰ ਸੁਰੱਖਿਆ ਅਤੇ ਅੱਤਵਾਦ ਦਾ ਮੁਕਾਬਲਾ ਕਰਨ ਸਮੇਤ ਸੁਰੱਖਿਆ ਪਹਿਲੂਆਂ 'ਤੇ ਵੀ ਚਰਚਾ ਕੀਤੀ ਅਤੇ ਰੱਖਿਆ ਖੇਤਰ ਵਿੱਚ ਸਾਂਝੇ ਸਹਿਯੋਗ' ਤੇ ਵਿਚਾਰ ਕਰਨ 'ਤੇ ਵੀ ਸਹਿਮਤੀ ਪ੍ਰਗਟ ਕੀਤੀ।

3. ਦੋਵੇਂ ਪੱਖਾਂ ਨੇ ਮਜ਼ਬੂਤ ਅਤੇ ਤੇਜ਼ੀ ਨਾਲ ਵਧ ਰਹੇ ਆਰਥਿਕ ਸਬੰਧਾਂ ਦੀ ਪ੍ਰਸ਼ੰਸਾ ਕੀਤੀ ਅਤੇ ਭਾਰਤ ਸਵੀਡਨ ਇਨੋਵੇਸ਼ਨ ਬ੍ਰਿਜ, ਭਾਰਤ ਸਵੀਡਨ ਇਨੋਵੇਸ਼ਨ ਦਿਵਸ, ਭਾਰਤ ਸਵੀਡਨ ਸਥਿਰਤਾ ਦਿਵਸ ਨੂੰ B2B ਸੰਬੰਧਾਂ ਨੂੰ ਹੋਰ ਅੱਗੇ ਵਧਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਵਜੋਂ ਆਯੋਜਿਤ ਕਰਨ ਦੇ, ਮਹੱਤਵ 'ਤੇ ਗੌਰ ਕੀਤਾ। ਉਨ੍ਹਾਂ ਨੇ ਸਵੀਡਨ ਵਿੱਚ ਇੱਕ ਵੱਡੇ ਭਾਰਤੀ ਭਾਈਚਾਰੇ ਦੀ ਮੌਜੂਦਗੀ ਦੀ ਵੀ ਸ਼ਲਾਘਾ ਕੀਤੀ, ਜੋ ਇੱਕ ਮਹੱਤਵਪੂਰਨ ਕੜੀ ਦਾ ਨਿਰਮਾਣ ਕਰਦੀ ਹੈ।

4. ਉਨ੍ਹਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਵਿੱਚ, ਖਾਸ ਤੌਰ 'ਤੇ ਭਵਿੱਖ ਦੇ ਸਿਖਰ ਸੰਮੇਲਨ ਦੇ ਨਿਰਮਾਣ ਦੇ ਸੰਬੰਧ ਵਿੱਚ, ਸੁਧਾਰਾਂ ਨੂੰ ਕਰਨ, ਸਹਿਯੋਗ ਕਰਨ 'ਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ। ਉਨ੍ਹਾਂ ਨੇ ਭਾਰਤ-ਯੂਰਪੀ ਸੰਘ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਵਧ ਰਹੇ ਸਹਿਯੋਗ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਭਾਰਤ-ਯੂਰਪੀ ਸੰਘ ਦੇ ਵਿੱਚਕਾਰ FTA (ਮੁਕਤ ਕਰਜ਼ਾ ਇਕਰਾਰਨਾਮਾ) ਜੋ ਦੋਵੇਂ ਮੁਲਕਾਂ ਲਈ ਆਪਸੀ ਰੂਪ ਨਾਲ ਲਾਭਕਾਰੀ ਹੋਵੇ, ਨੂੰ ਛੇਤੀ ਪੂਰਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਦੋਵੇਂ ਪੱਖਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵ-ਪੱਧਰੀ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।

5. ਦੋਵੇਂ ਪੱਖਾਂ ਨੇ ਆਪਸੀ ਸੁਵਿਧਾਜਨਕ ਮਿਤੀ 'ਤੇ ਨਵੀਂ ਦਿੱਲੀ ਵਿੱਚ ਅਗਲੇ ਦੌਰ ਦੀ ਸਲਾਹ-ਮਸ਼ਵਰੇ ਕਰਨ ਲਈ ਸਹਿਮਤੀ ਪ੍ਰਗਟ ਕੀਤੀ।

**ਨਵੀਂ ਦਿੱਲੀ**
**ਮਈ 04, 2024**